Get Printed Study Notes for UPSC Exam - https://iasexamportal.com/notes

Civil Services (Main) Examination- 2025

SLPM-C-PNJB

# ਪੰਜਾਬੀ / PUNJABI

( ਲਾਜ਼ਮੀ ) / ( Compulsory )

ਨਿਰਧਾਰਿਤ ਸਮਾਂ : ਤਿੰਨ ਘੰਟੇ
*Time Allowed :* ***Three*** *Hours*

ਕੁੱਲ ਅੰਕ : 300
*Maximum Marks :* ***300***

## ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਿਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ, ਨਿਮਨ ਲਿਖਿਤ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ ।*

*ਹਰ ਪ੍ਰਸ਼ਨ ਦੇ ਅੰਕ, ਉਸ ਪ੍ਰਸ਼ਨ ਦੇ ਸਾਹਮਣੇ ਦਿੱਤੇ ਗਏ ਹਨ ।*

*ਜੇ ਪ੍ਰਸ਼ਨ ਬਾਰੇ ਕੋਈ ਹੋਰ ਨਿਰਦੇਸ਼ ਨਹੀਂ ਦਿੱਤਾ ਗਿਆ, ਤਾਂ ਉਸ ਦਾ ਉੱਤਰ* ***ਪੰਜਾਬੀ (ਗੁਰਮੁਖੀ ਲਿਪੀ)*** *ਵਿੱਚ ਹੀ ਲਿਖੋ ।*

*ਜੇ ਪ੍ਰਸ਼ਨ ਦੇ ਉੱਤਰ ਦੀ ਕੋਈ ਸ਼ਬਦ-ਸੀਮਾ ਦਿੱਤੀ ਗਈ ਹੈ, ਤਾਂ ਉਸਦਾ ਪਾਲਨ ਕਰੋ । ਜੇ ਉੱਤਰ ਬਹੁਤ ਲੰਮਾ ਜਾਂ ਫਿਰ ਬਹੁਤ ਛੋਟਾ ਹੋਇਆ, ਤਾਂ ਅੰਕ ਕੱਟੇ ਜਾ ਸਕਦੇ ਹਨ ।*

*ਉੱਤਰ-ਕਾਪੀ ਦੇ ਖਾਲੀ ਰਹਿ ਗਏ ਹਰ ਪੰਨੇ ਨੂੰ ਜ਼ਰੂਰ ਕੱਟਿਆ ਜਾਏ ।*

## Question Paper Specific Instructions

***Please read each of the following instructions carefully before attempting questions :***

*All questions are to be attempted.*

*The number of marks carried by a question is indicated against it.*

*Answers must be written in* ***PUNJABI (Gurumukhi script)*** *unless otherwise directed in the question.*

*Word limit in questions, wherever specified, should be adhered to and if answered in much longer or shorter than the prescribed length, marks may be deducted.*

*Any page or portion of the page left blank in the Question-cum-Answer (QCA) Booklet must be clearly struck off.*





Get Printed Study Notes for UPSC Exam - https://iasexamportal.com/notes

Civil Services (Main) Examination-2023

**Q1.** **ਹੇਠ ਲਿਖਿਆਂ ਵਿਚੋਂ ਕਿਸੇ *ਇੱਕ* ਵਿਸ਼ੇ ਬਾਰੇ 600 ਸ਼ਬਦਾਂ ਦਾ ਨਿਬੰਧ ਲਿਖੋ :** *100*

(a) ਭਾਰਤੀ ਗਿਆਨ ਪਰੰਪਰਾ ਦੀ ਪ੍ਰਸੰਗਿਕਤਾ

(b) ਵਿਸ਼ਵ ਯੁੱਧ ਦਾ ਵੱਧ ਰਿਹਾ ਖਤਰਾ

(c) ਡਿਜੀਟਲ ਭੁਗਤਾਨ ਦੇ ਲਾਭ

(d) ਖੇਡਾਂ ਵਿਚ ਭਾਰਤੀ ਮਹਿਲਾਵਾਂ ਦੀ ਵੱਧਦੀ ਭਾਗੀਦਾਰੀ

**Q2.** **ਹੇਠ ਲਿਖੇ ਗੱਦ-ਟੋਟੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸਪੱਸ਼ਟ, ਸਹੀ ਅਤੇ ਸੰਖੇਪ ਭਾਸ਼ਾ ਵਿੱਚ ਦਿਉ :** *12×5=60*

ਜੀਵ ਵਿਵਿਧਤਾ ਸੰਸਾਰ ਦੀਆਂ ਜੀਵਿਤ ਪ੍ਰਜਾਤੀਆਂ ਦੀ ਬਹੁਰੰਗਤਾ ਹੈ, ਜਿਸ ਵਿੱਚ ਉਨ੍ਹਾਂ ਦੀ ਆਨੁਵੰਸ਼ਿਕ ਵਿਵਿਧਤਾ ਅਤੇ ਉਨ੍ਹਾਂ ਦੁਆਰਾ ਸਿਰਜਤ ਪਰਿਆਵਰਨਕ ਪ੍ਰਬੰਧ (Ecosystem) ਦੇ ਸਮੁਦਾਇ ਸ਼ਾਮਿਲ ਹਨ । ਅੱਜ ਜੀਵਨ ਦੀ ਇਸ ਵਿਵਿਧਤਾ ਨੂੰ ਗੰਭੀਰ ਖ਼ਤਰੇ ਦਰਪੇਸ਼ ਹਨ । ਵਿਗਿਆਨੀ ਇਸ ਗੱਲ 'ਤੇ ਸਹਿਮਤ ਹਨ ਕਿ ਤਪਤ-ਖੰਡੀ ਵਣਾਂ ਦੀ ਵਰਤਮਾਨ ਦਰ 'ਤੇ ਹੋ ਰਹੀ ਹਾਨੀ ਅਤੇ ਵਿਗੜ ਰਹੇ ਸੰਤੁਲਨ ਕਾਰਨ ਆਉਣ ਵਾਲੀ ਚੌਥਾਈ ਸਦੀ ਦੇ ਦੌਰਾਨ ਹਰ ਦਹਾਕੇ, 5 ਤੋਂ 10 ਪ੍ਰਤੀਸ਼ਤ ਤਪਤ-ਖੰਡੀ ਵਣ ਜਾਤੀਆਂ ਲੁਪਤ ਹੋ ਜਾਣਗੀਆਂ ।

ਲੁਪਤ ਹੋਣ ਦਾ ਸੰਕਟ ਸਿਰਫ਼ ਤਪਤ-ਖੰਡੀ ਵਣਾਂ ਤੱਕ ਹੀ ਸੀਮਿਤ ਨਹੀਂ ਹੈ । ਦਰਿਆਵਾਂ ਦੇ ਬੰਧਨ ਅਤੇ ਪ੍ਰਵਾਸੀ ਜਾਤੀਆਂ ਦੇ ਆਉਣ ਨਾਲ ਤਾਜ਼ੇ ਪਾਣੀਆਂ ਦੇ ਸ੍ਰੋਤ, ਅਨੋਖੇ ਢੰਗ ਨਾਲ ਬਦਲ ਰਹੇ ਹਨ । ਮਹਾਂਸਾਗਰੀ ਟਾਪੂ, ਜਿੱਥੇ ਪਿਛਲੇ ਕਈ ਹਜ਼ਾਰ ਸਾਲਾਂ ਤੋਂ ਲੁਪਤ ਹੋਣ ਦੀ ਪ੍ਰਕ੍ਰਿਆ ਜਾਰੀ ਹੈ, ਧਰਤੀ ਦੇ ਉਹ ਪਰਿਆਵਰਨਿਕ ਪ੍ਰਬੰਧ ਹਨ, ਜਿਨ੍ਹਾਂ ਨੂੰ ਸਭ ਤੋਂ ਜ਼ਿਆਦਾ ਖ਼ਤਰਾ ਹੈ ।

ਪ੍ਰਜਾਤੀਆਂ ਅਤੇ ਆਨੁਵੰਸ਼ਿਕ ਵਿਵਿਧਤਾ ਦੀ ਹਾਨੀ ਅਤੇ ਰਿਹਾਇਸ਼ਾਂ ਤੇ ਪਰਿਆਵਰਨਿਕ ਪ੍ਰਬੰਧ ਦੇ ਪਤਨ, ਇਸ ਪੀੜ੍ਹੀ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਭਾਰੀ ਕੀਮਤ ਚੁਕਾਉਣੀ ਪਏਗੀ । ਪ੍ਰਜਾਤੀਆਂ, ਜੋ ਅੱਜ ਲੁਪਤ ਹੋ ਰਹੀਆਂ ਹਨ, ਆਪਣੇ ਅੰਦਰ ਅਗਿਆਤ ਭੋਜਨ, ਚਿਕਿਤਸਕ ਅਤੇ ਉਦਯੋਗਿਕ ਲਾਭ ਰੱਖਦੀਆਂ ਹਨ । ਪਰਿਆਵਰਨ ਪ੍ਰਬੰਧ ਮਾਨਵ ਸਮੂਹਾਂ ਦੀ ਸੁਰੱਖਿਆ ਦੀ ਸਮਰੱਥਾ ਗੁਆ ਰਹੇ ਹਨ ਅਤੇ ਭੂਮੀ ਦੇ ਖੁਰਨ, ਪਾਣੀ ਦੇ ਖਾਰੇਪਣ, ਸਥਾਨਕ ਜਲਵਾਯੂ ਪਰਿਵਰਤਨਾਂ, ਮਾਰੂਥਲੀਕਰਨ ਅਤੇ ਉਤਪਾਦਕਤਾ ਦੀ ਹਾਨੀ ਕਾਰਨ, ਇਸਦਾ ਹੋਰ ਪਤਨ ਹੋ ਰਿਹਾ ਹੈ ।



Download FREE UPSC E-BOOKS
FREE!
CLICK HERE

Get Printed Study Notes for UPSC Exam - https://iasexamportal.com/notes

ਜੈਵਿਕ ਸੰਸਾਧਨਾਂ ਦਾ ਮੁੱਲ ਨਿਰਧਾਰਨ ਕਰਨ ਲਈ, ਤਿੰਨ ਮੁੱਖ ਪਹੁੰਚ-ਵਿਧੀਆਂ ਅਪਣਾਈਆਂ ਗਈਆਂ ਹਨ। ਉਪਭੋਗ-ਉਪਯੋਗ ਮੁਲਾਂਕਣ ਦੇ ਅੰਤਰਗਤ ਬਾਲਣ, ਚਾਰਾ, ਅਤੇ ਸ਼ਿਕਾਰ ਕੀਤਾ ਗਿਆ ਮਾਸ ਜਿਹੇ ਸੰਸਾਧਨਾਂ ਦਾ ਮੁੱਲ ਨਿਰਧਾਰਨ ਕਰਨਾ ਸ਼ਾਮਿਲ ਹੈ, ਇਹ ਸੰਸਾਧਨ ਬਾਜ਼ਾਰ ਦੀ ਵਸਤ ਬਣੇ ਬਿਨਾਂ, ਸਿੱਧੇ ਉਪਭੋਗ ਕਰ ਲਏ ਜਾਂਦੇ ਹਨ। ਉਤਪਾਦਕ-ਉਪਯੋਗ ਦੇ ਅੰਤਰਗਤ ਉਨ੍ਹਾਂ ਉਤਪਾਦਾਂ ਦਾ ਮੁੱਲ ਅੰਕਿਤ ਕਰਨਾ ਸ਼ਾਮਿਲ ਹੈ, ਜਿਹੜੇ ਵਪਾਰਕ ਤੌਰ 'ਤੇ ਕੱਟੇ ਤੇ ਵੇਚੇ ਜਾਂਦੇ ਹਨ ਜਿਵੇਂ ਲੱਕੜ, ਮੱਛੀ, ਮਾਸ, ਸ਼ਹਿਦ ਅਤੇ ਔਸ਼ਧੀ ਪੌਦੇ ਆਦਿ।

ਗ਼ੈਰ-ਉਪਭੋਗੀ ਵਸਤਾਂ ਦੇ ਮੁਲ ਨਿਰਧਾਰਨ ਵਿੱਚ ਪਰਿਆਵਰਨ ਪ੍ਰਬੰਧ, ਜਿਵੇਂ ਜਲ-ਵਿਭਾਜਨ ਸੁਰੱਖਿਆ, ਪ੍ਰਕਾਸ਼-ਸੰਸ਼ਲੇਸ਼ਣ, ਜਲਵਾਯੂ ਨਿਯੰਤਰਨ ਅਤੇ ਨਵੀਂ ਮਿੱਟੀ ਦਾ ਉਤਪਾਦਨ ਆਦਿ ਸ਼ਾਮਲ ਹੈ। ਨਾਲ ਹੀ ਖੁਸ਼ੀ ਦੀ ਗੱਲ ਇਹ ਹੈ ਕਿ ਕੁਝ ਪ੍ਰਜਾਤੀਆਂ ਅਜੇ ਵੀ ਬਚੀਆਂ ਹੋਈਆਂ ਹਨ।

ਨੀਤੀ ਨਿਰਮਾਤਾ ਅਕਸਰ, ਉਤਪਾਦਕ-ਉਪਭੋਗ ਮੁੱਲਾਂ ਦੀ ਸਰਾਹਨਾ ਕਰਦੇ ਹਨ, ਕਿਉਂਕਿ ਵਣ ਅਤੇ ਮੱਛੀ-ਪਾਲਣ ਵਰਗੇ ਵੱਡੇ ਉਦਯੋਗ ਜੋ ਬਾਜ਼ਾਰ ਨਾਲ ਜੁੜੇ ਹੋਏ ਹਨ ਅਤੇ ਇਸ ਕਾਰਨ ਰਾਸ਼ਟਰੀ ਆਮਦਨੀ ਵਿੱਚ ਪ੍ਰਤੀਬਿੰਬਤ ਹੁੰਦੇ ਹਨ।

(a) ਜੀਵ ਵਿਵਿਧਤਾ ਤੋਂ ਕੀ ਭਾਵ ਹੈ ? *12*

(b) 'ਅਲੋਪ ਜਾਂ ਲੁਪਤ' ਸੰਕਟ ਕੀ ਹੈ ? *12*

(c) ਪ੍ਰਜਾਤੀਆਂ ਅਤੇ ਆਨੁਵੰਸ਼ਿਕ ਵਿਵਿਧਤਾ ਦੀ ਹਾਨੀ ਕਾਰਨ ਕਿਹੜੇ ਖਤਰੇ ਉਤਪੰਨ ਹੁੰਦੇ ਹਨ ? *12*

(d) 'ਗ਼ੈਰ-ਉਪਭੋਗੀ ਉਪਯੋਗ' ਮੁਲਾਂਕਣ ਤੋਂ ਕੀ ਭਾਵ ਹੈ ? *12*

(e) ਨੀਤੀ ਨਿਰਮਾਤਾ ਦੁਆਰਾ ਕਿਸ ਮੁਲਾਂਕਣ ਨੂੰ ਸਭ ਤੋਂ ਵੱਧ ਸਰਾਹਿਆ ਜਾਂਦਾ ਹੈ ਅਤੇ ਕਿਉਂ ? *12*

**Q3. ਹੇਠ ਲਿਖੇ ਪੈਰ੍ਹੇ ਦਾ ਸਾਰ ਲੱਗਭੱਗ ਇੱਕ-ਤਿਹਾਈ ਸ਼ਬਦਾਂ ਵਿੱਚ ਲਿਖੋ। ਇਸਦਾ ਸਿਰਲੇਖ ਲਿਖਣ ਦੀ ਜ਼ਰੂਰਤ ਨਹੀਂ ਹੈ। ਸੰਖੇਪ ਸਾਰ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।** *60*

ਜੇਕਰ ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਖੁਸ਼ੀ ਕੀ ਹੈ ਤਾਂ ਸਾਨੂੰ ਇਸਨੂੰ ਕਿਸੇ ਕਾਲਪਨਿਕ ਜਗਤ ਵਿੱਚ ਨਹੀਂ, ਸਗੋਂ ਉਨ੍ਹਾਂ ਮਨੁੱਖਾਂ ਵਿੱਚ ਲੱਭਣਾ ਚਾਹੀਦਾ ਹੈ, ਜੋ ਖੁਸ਼ਹਾਲ ਅਤੇ ਪੂਰੀ ਤਰ੍ਹਾਂ ਚੰਗਾ ਜੀਵਨ ਜੀਅ ਰਹੇ ਹਨ। ਜੇਕਰ ਤੁਸੀਂ ਸੱਚਮੁੱਚ ਖੁਸ਼ ਵਿਅਕਤੀ ਨੂੰ ਵੇਖਦੇ ਹੋ ਤਾਂ ਤੁਸੀਂ ਵੇਖੋਗੇ ਕਿ ਉਹ ਕਿਸ਼ਤੀ ਬਣਾ ਰਿਹਾ ਹੈ, ਸੰਗੀਤ ਦੀ ਰਚਨਾ ਕਰ ਰਿਹਾ ਹੈ, ਆਪਣੇ ਬੇਟੇ ਨੂੰ ਪੜ੍ਹਾ ਰਿਹਾ ਹੈ ਆਪਣੇ ਬਗੀਚੇ ਵਿੱਚ ਫੁੱਲ ਉਗਾ ਰਿਹਾ ਹੈ। ਉਹ ਖੁਸ਼ੀ ਨੂੰ ਕਦੀ-ਕਦਾਈ ਮਿਲਣ ਵਾਲੀ ਦੁਰਲੱਭ ਵਸਤੂ ਦੇ ਰੂਪ ਵਿੱਚ ਨਹੀਂ ਖੋਜ ਕਰੇਗਾ। ਉਸਨੂੰ ਇਹ ਪਤਾ ਹੋਵੇਗਾ ਕਿ ਉਹ ਦਿਨ 'ਚ ਚੌਵੀ ਘੰਟੇ ਵਿਅਸਤ ਰਹਿੰਦੇ ਹੋਏ ਵੀ ਖੁਸ਼ ਹੈ।



Download FREE UPSC E-BOOKS FREE! CLICK HERE

Get Printed Study Notes for UPSC Exam - https://iasexamportal.com/notes

ਕੋਈ ਵੀ ਵਿਅਕਤੀ ਅਜਿਹਾ ਕੋਈ ਕੰਮ ਕਰਦੇ ਹੋਏ ਖੁਸ਼ ਨਹੀਂ ਰਹਿ ਸਕਦਾ, ਜੋ ਪੂਰੀ ਤਰ੍ਹਾਂ ਉਸਦੇ ਆਪਣੇ ਵਿਅਕਤਿਤਵ ਉਪਰ ਹੀ ਕੇਂਦਰਿਤ ਹੋਵੇ ਅਤੇ ਸਿਰਫ ਉਸਦੀਆਂ ਆਪਣੀਆਂ ਤਤਕਾਲੀਨ ਜ਼ਰੂਰਤਾਂ ਦੀ ਪੂਰਤੀ ਨਾਲ ਸੰਬੰਧਿਤ ਹੋਵੇ । ਇਸੇ ਤਰ੍ਹਾਂ ਕੋਈ ਵੀ ਵਿਅਕਤੀ ਅਜੇਹੇ ਸਾਮਾਜਿਕ ਸੰਬੰਧਾਂ ਵਿੱਚ ਪੂਰੇ ਤੋਰ ਤੇ ਖੁਸ਼ ਨਹੀਂ ਰਹਿ ਸਕਦਾ ਜੋ ਸਿਰਫ ਆਪਣੇ ਆਪ 'ਤੇ ਅਤੇ ਉਸਦੇ ਸੀਮਤ ਸਰੋਕਾਰਾਂ ਅਤੇ ਤੰਗ ਦਾਅਰਿਆਂ ਉਪਰ ਕੇਂਦ੍ਰਿਤ ਹੋਵੇ । ਖੁਸ਼ੀ ਪ੍ਰਾਪਤ ਕਰਨ ਲਈ ਸਾਨੂੰ ਆਪਣੇ ਤੋਂ ਬਾਹਰ ਲਭਣਾ ਹੋਵੇਗਾ ।

ਜੇਕਰ ਤੁਸੀਂ ਸਿਰਫ਼ ਆਪਣੇ ਲਈ ਹੀ ਜਿਉਂਦੇ ਹੋ ਤਾਂ ਤੁਸੀਂ ਆਪਣੇ ਵਿਚਾਰਾਂ ਅਤੇ ਰੁਚੀਆਂ ਦੇ ਦੁਹਰਾਅ ਕਾਰਨ ਬੁਰੀ ਤਰ੍ਹਾਂ ਉਕਤਾ ਜਾਉਗੇ । ਵਧੇਰੇ ਮਨੁੱਖੀ ਖੁਸ਼ੀ ਦਾ ਅਵਸਰ ਚੁਣੋ ਅਤੇ ਆਪਣੇ ਆਪ ਨੂੰ ਉਸ ਨਾਲ ਜੋੜ ਲਉ । ਕੋਈ ਵੀ ਇਨਸਾਨ ਉਦੋਂ ਤੱਕ ਜੀਉਣ ਦਾ ਅਰਥ ਨਹੀਂ ਸਮਝ ਸਕਦਾ, ਜਦੋਂ ਤੱਕ ਉਹ ਆਪਣੀ ਹਉਮੈਂ ਤੱਜ ਕੇ, ਆਪਣੇ ਆਪ ਨੂੰ ਆਪਣੇ ਸਾਥੀ-ਮਨੁਖਾਂ ਦੀ ਸੇਵਾ ਵਿੱਚ ਸਮਰਪਿਤ ਨਹੀਂ ਕਰਦਾ । ਜੇਕਰ ਤੁਹਾਨੂੰ ਆਪਣੀਆਂ ਅਕਾਂਖਿਆਵਾਂ ਉੱਪਰ ਮਾਣ ਹੈ ਤਾਂ ਇਸਦੇ ਉਦੇਸ਼ਾਂ ਦੀ ਇੱਕ ਮਾਨਸਿਕ ਸੁਚੀ ਬਣਾਉ । ਆਪਣੇ ਆਪ ਨੂੰ ਪੁੱਛੋ ਕਿ ਕੀ ਤੁਸੀਂ ਆਪਣੇ ਨਿੱਜੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੀ ਇੱਛਾ ਰਖਦੇ ਹੋ ਅਤੇ ਖੁਸ਼ੀ ਦੇ ਮੌਕੇ ਗੁਆਉਣਾ ਚਾਹੁੰਦੇ ਹੋ ਜਾਂ ਫਿਰ ਤੁਸੀਂ ਖੁਸ਼ੀ ਨੂੰ ਪਹਿਲ ਦੇ ਕੇ ਆਪਣੀ ਅਹੰ ਭਰਪੂਰ ਪ੍ਰਤਿਸ਼ਤਾ ਨੂੰ ਛੱਡਣਾ ਚਾਹੁੰਦੇ ਹੋ ।

ਜਿਹੜੇ ਲੋਕ ਵਧੇਰੇ ਖੁਸ਼ੀ ਅਤੇ ਵਧੇਰੇ ਸਫ਼ਲਤਾ ਚਾਹੁੰਦੇ ਹਨ, ਉਹਨਾਂ ਲਈ ਜੀਵਨ ਦਾ ਕੇਵਲ ਇੱਕ ਹੀ ਫ਼ਲਸਫ਼ਾ ਹੋ ਸਕਦਾ ਹੈ, ਉਹ ਹੈ ਰਚਨਾਤਮਕ-ਪਰਉਪਕਾਰਤਾ ਦਾ ਫ਼ਲਸਫ਼ਾ । ਵਾਸਤਵਿਕ ਰੂਪ ਵਿੱਚ ਖੁਸ਼ ਇਨਸਾਨ ਹਮੇਸ਼ਾ ਸੰਘਰਸ਼ਸ਼ੀਲ ਆਸ਼ਾਵਾਦੀ ਹੁੰਦਾ ਹੈ । ਆਸ਼ਾਵਾਦ ਦੇ ਅੰਤਰਗਤ ਸਿਰਫ ਪਰਉਪਕਾਰਤਾ ਹੀ ਨਹੀਂ, ਸਗੋਂ ਸਮਾਜਿਕ ਜ਼ੁੰਮੇਵਾਰੀ, ਸਮਾਜਿਕ ਸਾਹਸ ਅਤੇ ਵਸਤੂਨਿਸ਼ਠਤਾ ਵੀ ਸ਼ਾਮਿਲ ਹੈ । ਇਸ ਸ਼੍ਰੇਣੀ ਵਿੱਚ ਉਹ ਮਰਦ ਅਤੇ ਔਰਤਾਂ ਆਉਂਦੇ ਹਨ, ਜੋ ਜੀਵਨ ਨੂੰ ਦ੍ਰਿੜਤਾ ਨਾਲ ਸਵੀਕਾਰ ਕਰਦੇ ਹਨ, ਬਾਲਗਾਂ ਦੀ ਤਰ੍ਹਾਂ ਅਸਲੀਅਤ ਦਾ ਸਾਹਮਣਾ ਕਰਦੇ ਹਨ, ਮੁਸ਼ਕਲਾਂ ਦਾ ਸਾਹਮਣਾ ਧੀਰਜ ਨਾਲ ਕਰਦੇ ਹਨ, ਗਿਆਨ ਨੂੰ ਕਰੁਣਾ ਨਾਲ ਜੋੜਦੇ ਹਨ, ਆਪਣੇ ਜੀਵਨ ਨੂੰ ਉਤਸ਼ਾਹ ਦੇ ਨਾਲ-ਨਾਲ ਹਾਸੇ ਦੀ ਭਾਵਨਾ ਨਾਲ ਜੋੜਦੇ ਹਨ – ਇੱਕ ਸ਼ਬਦ ਵਿੱਚ ਕਹਿਣਾ ਹੋਵੇ ਤਾਂ ਉਹ ਪੂਰਣ ਮਨੁੱਖ ਹਨ । ਸ੍ਰੇਸ਼ਠ ਜੀਵਨ ਹਮੇਸ਼ਾ ਪਰਉਪਕਾਰ ਦੇ ਕ੍ਰਿਆਸ਼ੀਲ ਫ਼ਲਸਫ਼ੇ ਦੀ ਮੰਗ ਕਰਦਾ ਹੈ । ਇਹੀ ਸੰਤੋਖ ਭਰਪੂਰ ਜੀਵਨ ਹੈ ਅਤੇ ਮਨੁੱਖ ਹੁੰਦੇ ਹੋਏ ਵੀ ਖੁਸ਼ ਰਹਿਣ ਦਾ ਇਕਮਾਤਰ ਮਾਰਗ ਹੈ ।



Get Printed Study Notes for UPSC Exam - https://iasexamportal.com/notes

ਖੁਸ਼ੀ ਦੇ ਤੱਤ ਇੰਨੇ ਸਰਲ ਹਨ ਕਿ ਇਨ੍ਹਾਂ ਨੂੰ ਉਂਗਲਾਂ 'ਤੇ ਗਿਣਿਆ ਜਾ ਸਕਦਾ ਹੈ । ਖੁਸ਼ੀ ਅੰਦਰੋਂ ਪੈਦਾ ਹੁੰਦੀ ਹੈ, ਅਤੇ ਸਰਲ ਚੰਗਿਆਈ ਅਤੇ ਸਵੱਛ ਅੰਤਰ-ਆਤਮਾ ਉੱਪਰ ਆਧਾਰਿਤ ਹੁੰਦੀ ਹੈ । ਧਰਮ ਇਸ ਲਈ ਜ਼ਰੂਰੀ ਨਹੀਂ ਹੈ, ਪਰ ਕਿਸੇ ਨੂੰ ਵੀ ਨੈਤਿਕ ਸਿਧਾਂਤਾਂ ਉੱਪਰ ਆਧਾਰਿਤ ਫ਼ਲਸਫ਼ੇ ਤੋਂ ਬਿਨਾਂ, ਇਹ ਪ੍ਰਾਪਤ ਨਹੀਂ ਹੁੰਦੀ । ਸਵਾਰਥਪੁਣਾ ਇਸਦਾ ਦੁਸ਼ਮਣ ਹੈ । ਦੂਜਿਆਂ ਦੀ ਖੁਸ਼ੀ ਵਿੱਚ ਹੀ, ਆਪਣੀ ਖੁਸ਼ੀ ਹੈ । ਇਹ ਭੀੜ ਵਿੱਚ ਕਦੀ-ਕਦਾਈ ਹੀ ਮਿਲਦੀ ਹੈ, ਆਮ ਕਰਕੇ ਇਕਾਂਤ ਅਤੇ ਚਿੰਤਨ ਦੇ ਪਲਾਂ ਵਿੱਚ ਇਸਨੂੰ ਆਸਾਨੀ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ । ਇਸਨੂੰ ਖ਼ਰੀਦਿਆ ਨਹੀਂ ਜਾ ਸਕਦਾ, ਅਸਲ ਵਿੱਚ ਪੈਸੇ ਨਾਲ ਇਸ ਦਾ ਕੋਈ ਵਾਸਤਾ ਨਹੀਂ ।

ਕੋਈ ਵੀ ਇਨਸਾਨ ਉਦੋਂ ਤੱਕ ਖੁਸ਼ ਨਹੀਂ ਹੋ ਸਕਦਾ, ਜਦੋਂ ਤੱਕ ਉਹ ਆਪਣੇ ਆਪ ਤੋਂ ਸੰਤੁਸ਼ਟ ਨਹੀਂ, ਇਸ ਲਈ ਸ਼ਾਂਤੀ ਦੀ ਖੋਜ ਆਤਮ-ਮੰਥਨ ਨਾਲ ਸ਼ੁਰੂ ਹੁੰਦੀ ਹੈ । ਕਰਨ ਲਈ ਬਹੁਤ ਕੁਝ ਹੈ, ਪਰ ਹੋਇਆ ਬਹੁਤ ਘੱਟ ਹੈ । ਫਿਰ ਵੀ, ਇਸ ਆਤਮ-ਮੰਥਨ ਉੱਪਰ ਉਨ੍ਹਾਂ ਗੁਣਾਂ ਦੀ ਖੋਜ ਨਿਰਭਰ ਕਰਦੀ ਹੈ ਜੋ ਹਰ ਵਿਅਕਤੀ ਨੂੰ ਵਿਲੱਖਣ ਬਣਾਉਂਦੇ ਹਨ ਅਤੇ ਇਨ੍ਹਾਂ ਦੇ ਵਿਕਾਸ ਨਾਲ ਹੀ ਸੰਤੁਸ਼ਠੀ ਮਿਲ ਸਕਦੀ ਹੈ । ਇਸ ਤਰ੍ਹਾਂ ਜੇਕਰ ਕੋਈ ਵਿਅਕਤੀ ਖੁਸ਼ ਰਹਿਣ ਦਾ ਪ੍ਰੋਗਰਾਮ ਬਣਾਉਂਦਾ ਹੈ ਤਾਂ ਉਹ ਪ੍ਰੋਗਰਾਮ ਹੋਵੇਗਾ – ਸੀਮਤ ਸਾਧਨਾਂ ਨਾਲ ਸੰਤੁਸ਼ਟੀ, ਵਿਲਾਸਤਾ ਦੀ ਥਾਂ ਸ਼ਿਸ਼ਟਤਾ ਦੀ ਖੋਜ, ਸ਼ਾਨੋ-ਸ਼ੌਖਤ ਦੀ ਥਾਂ ਸਾਦਗੀ, ਯੋਗ ਬਣਨਾ, ਗੰਭੀਰ ਅਧਿਐਨ ਕਰਨਾ, ਸ਼ਾਂਤੀ ਨਾਲ ਚਿੰਤਨ ਕਰਨਾ, ਮਿੱਠਾ ਬੋਲਣਾ, ਖੁੱਲ ਕੇ ਕੰਮ ਕਰਨਾ, ਨਛੱਤਰਾਂ ਅਤੇ ਪੰਛੀਆਂ, ਬੱਚਿਆਂ ਅਤੇ ਰਿਸ਼ੀਆਂ ਨੂੰ ਖੁੱਲ੍ਹੇ ਮਨ ਨਾਲ ਸੁਣਨਾ, ਸਭ ਕੁਝ ਖੁਸ਼ੀ-ਖੁਸ਼ੀ ਸਹਿਣਾ, ਸਭ ਕੁਝ ਸਾਹਸਪੂਰਵਕ ਕਰਨਾ, ਕਦੀ ਜਲਦਬਾਜੀ ਨਾ ਕਰਨਾ, ਅਧਿਆਤਮਕ, ਅਣਸੱਦੇ ਅਤੇ ਅਚੇਤਨ ਨੂੰ, ਆਮ ਜੀਵਨ ਵਿੱਚ ਵਿਕਸਤ ਕਰਨਾ । ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਸਰਕਾਰ ਤੁਹਾਡੇ ਲਈ ਇਹ ਨਹੀਂ ਕਰ ਸਕਦੀ, ਤੁਹਾਨੂੰ ਇਹ ਆਪ ਹੀ ਆਪਣੇ ਲਈ ਕਰਨਾ ਪਏਗਾ ।

*(699 ਸ਼ਬਦ)*

**Q4. ਹੇਠ ਲਿਖੇ ਗੱਦ-ਟੋਟੇ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰੋ :** ***20***

ਸਮੁੱਚੇ ਵਿਸ਼ਵ ਵਿੱਚ ਆਤੰਕਵਾਦ, ਮਾਨਵਤਾ ਲਈ ਸਭ ਤੋਂ ਵੱਡਾ ਖ਼ਤਰਾ ਬਣ ਗਿਆ ਹੈ । ਅਮਰੀਕਾ, ਭਾਰਤ, ਇਜ਼ਰਾਈਲ ਆਦਿ ਦੇਸ਼ ਆਤੰਕਵਾਦ ਦੇ ਸ਼ਿਕੰਜੇ ਵਿੱਚੋਂ ਨਿਕਲਣ ਲਈ ਸੰਘਰਸ਼ ਕਰ ਰਹੇ ਹਨ । ਪਰ, ਇਹ ਫੰਦਾ ਨਿਰੰਤਰ ਕੱਸਦਾ ਹੀ ਜਾ ਰਿਹਾ ਹੈ । ਆਏ ਦਿਨ ਅਖ਼ਬਾਰਾਂ ਦਾ ਮੁੱਖ ਪੰਨਾ, ਮੋਟੇ ਅੱਖਰਾਂ ਵਿੱਚ ਆਤੰਕਵਾਦੀਆਂ ਦੇ ਘਿਣਾਉਣੇ ਕਾਰਨਾਮਿਆਂ ਨਾਲ ਭਰਿਆ ਹੁੰਦਾ ਹੈ । ਦਿਨ ਦਾ ਆਰੰਭ ਇਨ੍ਹਾਂ ਡਰਾਉਣੀਆਂ ਖ਼ਬਰਾ ਨਾਲ ਹੀ ਹੁੰਦਾ ਹੈ । ਇਨ੍ਹਾਂ ਨੇ ਆਪਣੇ ਸਵਾਰਥੀ ਹਿੱਤਾਂ ਦੀ ਖ਼ਾਤਰ, ਨਾ ਜਾਣੇ ਕਿੰਨੇ ਮਾਸੂਮ ਲੋਕਾਂ ਦੀ ਬਲੀ ਲੈ ਲਈ ਹੈ ।



Download FREE UPSC E-BOOKS
FREE!
CLICK HERE

Get Printed Study Notes for UPSC Exam - https://iasexamportal.com/notes

ਆਜ਼ਾਦੀ ਤੋਂ ਬਾਅਦ ਕੁਝ ਲੋਕਾਂ ਨੇ ਵਿਦੇਸ਼ੀ ਤਾਕਤਾਂ ਦੇ ਪ੍ਰਭਾਵ ਥੱਲੇ ਭਾਰਤ ਵਿੱਚ ਆਤੰਕਵਾਦ ਦਾ ਬੀਜ ਬੀਜਿਆ। ਇਸ ਦੀਆਂ ਜੜ੍ਹਾਂ, ਹੁਣ ਪੂਰੇ ਦੇਸ਼ ਵਿੱਚ ਇਸ ਕਦਰ ਫੈਲ ਚੁੱਕੀਆਂ ਹਨ ਕਿ ਸਥਿਤੀ ਅਤਿਅੰਤ ਦੁਖਦਾਈ ਹੋ ਚੁੱਕੀ ਹੈ। ਕਸ਼ਮੀਰ ਵਿੱਚ ਆਤੰਕਵਾਦ ਅਤਿਘਿਣਾਉਣੇ ਰੂਪ ਵਿੱਚ ਵਿਦਮਾਨ ਹੈ। ਉੱਥੋਂ ਦੇ ਮੂਲ ਬਸ਼ਿੰਦੇ, ਸ਼ਰਣਾਰਥੀਆਂ ਦੀ ਤਰ੍ਹਾਂ ਰਹਿ ਰਹੇ ਹਨ। ਹਰ ਦਿਨ ਡਰ ਦੇ ਸਾਏ ਥੱਲੇ ਬੀਤਦਾ ਹੈ ਕਿ ਪਤਾ ਨਹੀਂ ਅੱਜ ਕੀ ਹੋਣਾ ? ਨਾ ਸਿਰਫ਼ ਕਸ਼ਮੀਰ, ਅਸਾਮ, ਬੰਗਾਲ, ਨਾਗਾਲੈਂਡ ਆਦਿ ਪ੍ਰਦੇਸ਼ ਵੀ, ਆਤੰਕਵਾਦੀਆਂ ਦੇ ਭੈਅ ਨਾਲ ਆਤੰਕਿਤ ਹਨ। ਇਨ੍ਹਾਂ ਸਾਰੇ ਪ੍ਰਦੇਸ਼ਾਂ ਵਿੱਚ ਕਾਨੂੰਨ-ਵਿਵਸਥਾ ਚੁਣੌਤੀਪੂਰਨ ਬਣ ਚੁੱਕੀ ਹੈ। ਦੇਸ਼ ਦੀ ਸੈਨਾ ਤੇ ਪੁਲਿਸ ਇਸ ਸਮੱਸਿਆ ਨੂੰ ਖ਼ਤਮ ਕਰਨ ਲਈ ਜੀਅ-ਜਾਨ ਨਾਲ ਜੁੜੀ ਹੋਈ ਹੈ। ਆਤੰਕਵਾਦ ਨੂੰ ਖ਼ਤਮ ਕਰਨ ਲਈ ਸਰਕਾਰ ਕਈ ਉਪਰਾਲੇ ਕਰ ਰਹੀ ਹੈ, ਪਰ ਇਸ ਲਈ ਜਨ-ਸਾਧਾਰਨ ਦਾ ਸਹਿਯੋਗ ਜ਼ਰੂਰੀ ਹੈ। ਜੇਕਰ ਸਾਰੇ ਆਪਣੇ ਨਿੱਜੀ, ਧਾਰਮਿਕ ਸਵਾਰਥਾਂ ਅਤੇ ਪ੍ਰਦੇਸ਼ਿਕ ਭਾਵਨਾ ਤੋਂ ਉਪਰ ਉੱਠ ਕੇ, ਭਾਰਤਵਾਸੀ ਬਣ ਕੇ ਰਹਿਣ, ਤਾਂ ਇਹ ਸਮੱਸਿਆ ਹਮੇਸ਼ਾ ਲਈ ਖ਼ਤਮ ਹੋ ਸਕਦੀ ਹੈ। ਕੋਈ ਵੀ ਸੱਚਾ ਮਨੁੱਖ, ਦੂਜੇ ਮਨੁੱਖ ਨੂੰ ਹਾਨੀ ਨਹੀਂ ਪਹੁੰਚਾ ਸਕਦਾ, ਕਿਉਂਕਿ ਆਤੰਕਵਾਦ ਇੱਕ ਪਸ਼ੂ-ਬਿਰਤੀ ਹੈ। ਸਭ ਨੂੰ ਇੱਕਮਤ ਅਤੇ ਸੰਗਠਿਤ ਹੋ ਕੇ, ਇਸ ਸਮੱਸਿਆ ਨੂੰ ਸੰਸਾਰ ਵਿੱਚੋਂ ਖ਼ਤਮ ਕਰਨ ਲਈ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਸੰਸਾਰ ਵਿਚ ਸ਼ਾਂਤੀ ਤੇ ਸਦਭਾਵਨਾ ਸਥਾਪਿਤ ਕਰਨੀ ਚਾਹੀਦੀ ਹੈ। ਤਾਂ ਹੀ ਦੇਸ਼ ਅਤੇ ਸਮਾਜ, ਵਿਕਾਸ ਦੇ ਮਾਰਗ 'ਤੇ ਅੱਗੇ ਵੱਧਣ ਦੇ ਯੋਗ ਹੋ ਸਕਦੇ ਹਨ।

**Q5. ਹੇਠ ਲਿਖੇ ਗੱਦ-ਟੋਟੇ ਦਾ ਪੰਜਾਬੀ ਵਿੱਚ ਅਨੁਵਾਦ ਕਰੋ :** *20*

Healthy children are an essential component of an effective education system. Good health reduces absenteeism and dropouts and increases scholastic performance. An effective school health programme is one of the most cost-effective approaches in improving community health. School health activities contribute to healthy lifestyles, thus leading to a healthy future generation. School children also communicate the health-related information gained in schools to their families and neighbourhood, contributing to improved family and community health. The functions of school health services include detection and treatment of defects, creation and maintenance of hygienic environment in and around the school, provision of school meals, and improvement of nutritional status of children. This may be further enlarged to include health check-ups and immunisation campaigns.



Download FREE UPSC E-BOOKS FREE! CLICK HERE

Get Printed Study Notes for UPSC Exam - https://iasexamportal.com/notes

**Q6. (a) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :** *1×10=10*

(i) ਗੈਰਹਾਜਿਰ *1*

(ii) ਨੀਰਭਾਉ *1*

(iii) ਕਾਤਿਲ *1*

(iv) ਸਭਯਾਚਾਰ *1*

(v) ਬਿਦਬਾਨ *1*

(vi) ਬਤਮੀਜ *1*

(vii) ਮੇਹਰਵਾਨ *1*

(viii) ਆਂਤਰਯਾਮੀ *1*

(ix) ਵੀਅੰਜਨ *1*

(x) ਸਬੰਦ *1*

**(b) ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਦੇ ਅਰਥ ਦੱਸ ਕੇ, ਉਨ੍ਹਾਂ ਨੂੰ ਵਾਕਾਂ ਵਿੱਚ ਵਰਤੋ :** *2×5=10*

(i) ਖ਼ਾਨਾ ਖ਼ਰਾਬ ਹੋਣਾ *2*

(ii) ਘਿਉ ਦੇ ਦੀਵੇ ਬਾਲਣਾ *2*

(iii) ਉੜਕ ਬੱਚਾ ਮੁਲਿਆ ਤੂੰ ਹੱਟੀ ਬਹਿਣਾ *2*

(iv) ਉਹ ਜ਼ਮੀਨ ਰਾਣੀ, ਜਿਸ ਦੇ ਸਿਰ 'ਤੇ ਪਾਣੀ *2*

(v) ਖੇਹ ਛਾਣਦੇ ਫਿਰਨਾ *2*



Download FREE UPSC E-BOOKS FREE! CLICK HERE

Get Printed Study Notes for UPSC Exam - https://iasexamportal.com/notes

| | | | |
|---|---|---|---|
| (c) | **ਹੇਠ ਲਿਖੇ ਅਗੇਤਰ-ਪਿਛੇਤਰ ਲਗਾ ਕੇ ਸ਼ਬਦ ਬਣਾਉ :** | | *1×10=10* |
| | (i) | ਅਨ | *1* |
| | (ii) | ਅਸ਼ਟ | *1* |
| | (iii) | ਬੇ | *1* |
| | (iv) | ਹਮ | *1* |
| | (v) | ਸਬ | *1* |
| | (vi) | ਅਈ | *1* |
| | (vii) | ਸਰ | *1* |
| | (viii) | ਕੀ | *1* |
| | (ix) | ਹਾਰ | *1* |
| | (x) | ਦਾਨ | *1* |
| (d) | **ਹੇਠ ਲਿਖੇ ਵਾਕਾਂ ਦੀ ਥਾਂ 'ਤੇ ਇੱਕ-ਇੱਕ ਸ਼ਬਦ ਦੀ ਵਰਤੋਂ ਕਰੋ :** | | *1×10=10* |
| | (i) | ਬਹੁਤੀਆਂ ਕੌਮਾਂ ਨਾਲ ਸੰਬੰਧ ਰੱਖਣ ਵਾਲਾ | *1* |
| | (ii) | ਉਹ ਲੜਾਈ, ਜਿਸ ਵਿੱਚ ਬਹੁਤ ਸਾਰੇ ਵਿਅਕਤੀ ਮਾਰੇ ਜਾਣ | *1* |
| | (iii) | ਕੁਝ ਵਿਅਕਤੀਆਂ ਵੱਲੋਂ ਰਾਇ ਦੇਣ ਲਈ ਚੁਣਿਆ ਵਿਅਕਤੀ | *1* |
| | (iv) | ਵੰਡੀ ਜਾਣ ਵਾਲੀ ਜਾਇਦਾਦ ਦਾ ਵੇਰਵਾ ਕਿ ਕਿੰਨੀ ਕਿਸ ਨੂੰ ਮਿਲੇ | *1* |
| | (v) | ਜਿਸ ਦੀ ਔਲਾਦ ਨਾ ਹੋਵੇ | *1* |
| | (vi) | ਕਿਸੇ ਪ੍ਰਤੀ ਪ੍ਰਗਟ ਕੀਤੀ ਸ਼ਰਧਾ | *1* |
| | (vii) | ਜਿਸ ਥਾਂ ਪੈਸੇ-ਰੁਪਏ ਆਦਿ ਦੇ ਸਿੱਕੇ ਘੜੇ/ਬਣਾਏ ਜਾਂਦੇ ਹਨ | *1* |
| | (viii) | ਸਮਾਜ ਨੂੰ ਹੀ ਸਭ ਤੋਂ ਵੱਡੀ ਸ਼ਕਤੀ ਮੰਨਣ ਵਾਲਾ | *1* |
| | (ix) | ਹੀਰੇ-ਜਵਾਹਰਾਤਾਂ ਦੀ ਪਰਖ ਕਰਨ ਵਾਲਾ | *1* |
| | (x) | ਜੋ ਵਿਆਜ 'ਤੇ ਰੁਪਏ ਕਰਜ਼ ਲਏ | *1* |



